# ਕਾਲਜੀਏਟਸ

**COPYRIGHT POLICY FOR NOVEL "COLLEGIATES"**

Owner: Sukhwinder Singh

Year of Publication: 2026

Copyright ©2026 by Sukhwinder Singh .

All Rights Reserved.

No part of this book may be reproduced, stored in a retrieval system, or transmitted in any form or by any means—electronic, mechanical, photocopying, recording, scanning, or otherwise—without prior written permission from the author.

This includes, but is not limited to:

- Unauthorized sharing, copying, or distribution in print or digital form.
- Posting extracts, summaries, or full content on social media, websites, blogs, or any online platform.
- Creating audio, video, or derivative works.
- Use in print media, translations, adaptations, or commercial projects.

**Author's Rights:**

The author asserts the moral and legal right to be identified as the creator of this work. Permission for brief quotations in reviews or academic work is granted provided clear attribution is given.

Legal Action:

Any infringement will be dealt with under the Indian Copyright Act, 1957, and other applicable laws. Legal proceedings may result in injunctions, damages, and criminal penalties (including fines and imprisonment).

Permissions:

For requests, contact:

billadhulka@gmail.com, 6283719365

© Sukhwinder Singh "Shabadgar" 2026



# ਕਾਲਜੀਏਟਸ

## ਸੁਖਵਿੰਦਰ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

**COLLEGIATES**
**(Novel)**
**By**
Sukhwinder Singh
Address

© ਲੇਖਕ

ISBN : 978-81-923341-

**ਤੀਜੀ ਵਾਰ:** 2026

**ਮੁੱਲ:** 250/- (ਸਜਿਲਦ),

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com www. 5aabparkashan.com
ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ
ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

ਨੋਟ :- ਇਹ ਕਿਤਾਬ ਪਾਠਕ 'ਗਿਆਨਮਾਲਾ ਲਾਇਬ੍ਰੇਰੀ' ਵੈਬਸਾਈਟ ਤੋਂ ਖਰੀਦ ਸਕਦੇ ਹਨ।

billadhulka@gmail.com
https://www.instagram.com/shabadgar/
https://www.facebook.com/shabadgar
https://x.com/GMLibraryB
https://www.gyanmalalibrary.com



## ਸਮਰਪਿਤ

ਉਹਨਾਂ ਸਭ ਦੋਸਤਾਂ ਨੂੰ,
ਜੋ ਕਾਲਜ ਨੂੰ ਜੀਅ ਚੁੱਕੇ ਹਨ,
ਜੋ ਕਾਲਜ ਨੂੰ ਜੀਅ ਰਹੇ ਹਨ,
ਅਤੇ ਉਹਨਾਂ ਨੂੰ ਵੀ,
ਜਿਨ੍ਹਾਂ ਦੇ ਹਿੱਸੇ ਕਾਲਜ ਸਿਰਫ਼
ਇਕ ਅਧੂਰਾ ਸੁਪਨਾ ਹੀ
ਬਣ ਕੇ ਰਹਿ ਗਿਆ।

## ਦੋ-ਸ਼ਬਦ

'ਕਾਲਜੀਏਟਸ' ਨਾਵਲ ਪੜ੍ਹ ਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਨੇ ਸਿਰਫ਼ ਕਲਪਨਾ ਹੀ ਨਹੀਂ ਲਿਖੀ, ਸਗੋਂ ਸਮਾਜ ਦੀ ਧੜਕਣ ਨੂੰ ਕਾਗਜ਼ 'ਤੇ ਉਤਾਰਿਆ ਹੈ। ਇਹ ਨਾਵਲ ਕਾਲਜੀ ਜੀਵਨ ਦੀ ਅਸਲੀਅਤ, ਨੌਜਵਾਨਾਂ ਦੇ ਮਨੋਵਿਗਿਆਨ ਅਤੇ ਸਮਾਜ ਵਿੱਚ ਵੜ ਰਹੀਆਂ ਨਕਾਰਾਤਮਕ ਧਾਰਾਵਾਂ ਨੂੰ ਬਹੁਤ ਸਾਦਗੀ ਅਤੇ ਸੱਚਾਈ ਨਾਲ ਦਰਸਾਉਂਦਾ ਹੈ। ਕਿਰਦਾਰ ਇੰਨੇ ਜੀਵੰਤ ਹਨ ਕਿ ਪਾਠਕ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਉਨ੍ਹਾਂ ਵਿੱਚ ਵੇਖਣ ਲੱਗ ਪੈਂਦਾ ਹੈ।

ਲੇਖਕ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਉਹ ਨਾਵਲ ਰਾਹੀਂ ਉਪਦੇਸ਼ ਨਹੀਂ ਦਿੰਦਾ, ਬਲਕਿ ਹਾਲਾਤਾਂ ਨੂੰ ਆਪ ਬੋਲਣ ਦਿੰਦਾ ਹੈ। ਭਾਸ਼ਾ ਸਧਾਰਣ, ਪ੍ਰਭਾਵਸ਼ਾਲੀ ਅਤੇ ਮਿੱਟੀ ਨਾਲ ਜੁੜੀ ਹੋਈ ਹੈ। ਨਾਵਲ ਵਿੱਚ ਦਰਸਾਏ ਗਏ ਕਾਲਜੀ ਮਾਹੌਲ, ਗਲਤ ਸੰਗਤ ਅਤੇ ਨੌਜਵਾਨਾਂ ਦੀ ਭਟਕਣ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ।

ਇਹ ਕਿਤਾਬ ਸਿਰਫ਼ ਮਨੋਰੰਜਨ ਨਹੀਂ, ਸਗੋਂ ਇੱਕ ਸਮਾਜਿਕ ਦਸਤਾਵੇਜ਼ ਸਾਬਿਤ ਹੋਵੇਗੀ। ਲੇਖਕ ਨੇ ਹਿੰਮਤ ਨਾਲ ਸੱਚ ਲਿਖਿਆ ਹੈ। 'ਕਾਲਜੀਏਟਸ' ਨਾਵਲ ਨਿਸ਼ਚਿਤ ਤੌਰ 'ਤੇ ਪੰਜਾਬੀ ਸਾਹਿਤ ਵਿੱਚ ਆਪਣੀ ਵੱਖਰੀ ਪਛਾਣ ਬਣਾਏਗਾ।

–ਡਾ. ਗੁਰਦੇਵ ਸਿੰਘ ਰੰਧਾਵਾ
ਪ੍ਰਿੰਸੀਪਲ
ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ



## ਪੁਸਤਕ ਬਾਰੇ

ਪੰਜਾਬੀ ਸਾਹਿਤ ਵਿੱਚ ਕਾਲਜ ਜੀਵਨ ਅਕਸਰ ਪ੍ਰੇਮ, ਦੋਸਤੀ ਅਤੇ ਯਾਦਾਂ ਦੇ ਰੰਗਾਂ ਨਾਲ ਪੇਸ਼ ਕੀਤਾ ਜਾਂਦਾ ਹੈ, ਪਰ "ਕਾਲਜੀਏਟਸ"ਉਸ ਰਾਹ ਦੇ ਨਾਲ-ਨਾਲ ਕਾਲਜ ਦੀਆਂ ਚਮਕਦਾਰ ਇਮਾਰਤਾਂ ਦੇ ਅੰਦਰ ਲੁਕੀਆਂ ਮਨੋਵਿਰਤੀਆਂ, ਰੋਅਬਦਾਰ ਦਾਅਵਿਆਂ, ਗਰੁੱਪਬਾਜ਼ੀ ਅਤੇ ਹੌਲੀ-ਹੌਲੀ ਜਨਮ ਲੈਂਦੀ ਹਿੰਸਕ ਸੋਚ ਨੂੰ ਬੇਨਕਾਬ ਕਰਦਾ ਹੈ।

ਇਸ ਨਾਵਲ ਵਿੱਚ ਲੇਖਕ ਨੇ ਆਪਣੇ ਅਤੇ ਆਪਣੇ ਸਾਥੀਆਂ ਦੇ ਸਠਿਆਲੇ ਕਾਲਜ ਵਿੱਚ ਬਿਤਾਏ ਦਿਨਾਂ ਦੀਆਂ ਘਟਨਾਵਾਂ ਨੂੰ ਬਹੁਤ ਹੀ ਰਚਨਾਤਮਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ। ਹਾਲਾਂਕਿ ਕੁਝ ਪਾਤਰਾਂ, ਥਾਵਾਂ ਅਤੇ ਪਿੰਡਾਂ ਦੇ ਨਾਮ ਬਦਲੇ ਗਏ ਹਨ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਤਰ੍ਹਾਂ ਦੀ ਅਲੋਚਨਾ ਜਾਂ ਵਿਵਾਦ ਤੋਂ ਬਚਿਆ ਜਾ ਸਕੇ, ਪਰ ਨਾਵਲ ਦੀ ਰੂਹ ਸੱਚਾਈ ਨਾਲ ਜੁੜੀ ਰਹਿੰਦੀ ਹੈ। ਕਾਲਪਨਿਕ ਤੱਤ ਬਹੁਤ ਘੱਟ ਹਨ; ਜੋ ਬੀਤਿਆ ਅਤੇ ਜਿਵੇਂ ਬੀਤਿਆ, ਉਸੇ ਰੂਪ ਵਿੱਚ ਦਰਸਾਉਣ ਦੀ ਇਮਾਨਦਾਰ ਕੋਸ਼ਿਸ਼ ਕੀਤੀ ਗਈ ਹੈ।

ਕਹਾਣੀ ਦੀ ਸ਼ੁਰੂਆਤ ਸਠਿਆਲੇ ਕਾਲਜ ਵਿੱਚ ਦਾਖਲੇ ਨਾਲ ਹੁੰਦੀ ਹੈ। ਬੱਬੋ ਨਾਮ ਦਾ ਪਾਤਰ ਆਪਣੀ ਬੇਧੜਕ ਦਲੇਰੀ ਅਤੇ ਨਿੱਡਰ ਸੁਭਾਉ ਕਾਰਨ ਥੋੜ੍ਹੇ ਹੀ ਸਮੇਂ ਵਿੱਚ ਕਾਲਜ ਦਾ ਹਰਮਨਪਿਆਰਾ ਚਿਹਰਾ ਬਣ ਜਾਂਦਾ ਹੈ। ਪਰ ਪ੍ਰਧਾਨਗੀ, ਦਬਦਬੇ ਅਤੇ ਰੋਅਬ ਦੀ ਦੌੜ ਕਿਵੇਂ ਹੌਲੀ-ਹੌਲੀ ਗੈਂਗਵਾਰ ਦਾ ਰੂਪ ਧਾਰ ਲੈਂਦੀ ਹੈ, ਇਹ ਨਾਵਲ ਦਾ ਕੇਂਦਰੀ ਵਿਸ਼ਾ ਬਣ ਜਾਂਦਾ ਹੈ। ਵਿਦਿਆਰਥੀ ਰਾਜਨੀਤੀ ਵਿੱਚ ਹਥਿਆਰਾਂ ਦੀ ਦਖਲਅੰਦਾਜ਼ੀ ਅਤੇ ਗੰਨ ਕਲਚਰ ਦਾ ਵਧਦਾ ਪ੍ਰਭਾਵ ਸਮਾਜਿਕ ਪੱਖੋਂ ਵੀ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਬੱਬਾ ਇੱਕ ਆਮ ਵਿਦਿਆਰਥੀ ਤੋਂ "ਡੌਨ"ਬਣਨ ਤੱਕ ਦਾ ਸਫਰ ਤੈਅ ਕਰਦਾ ਹੈ—ਯਾਰੀਆਂ ਨਿਭਾਉਣ ਦੀ ਖ਼ਾਤਰ ਉਹ ਅਜਿਹੇ ਮੋੜਾਂ 'ਤੇ ਪਹੁੰਚਦਾ ਹੈ ਜਿੱਥੇ ਆਮ ਸੋਚ ਵਾਲਾ ਵਿਦਿਆਰਥੀ ਕਦੇ ਜਾਣ ਦੀ ਕਲਪਨਾ ਵੀ ਨਹੀਂ ਕਰਦਾ। ਕਹਾਣੀ ਵਿੱਚ ਅਸਲ ਟਰਨਿੰਗ ਪੁਆਇੰਟ ਅਰਸ਼ ਅਤੇ ਹੈਰੀ ਚੱਠੇ ਦਰਮਿਆਨ ਛਿੜੀ ਗੈਂਗਵਾਰ ਨਾਲ ਆਉਂਦਾ ਹੈ। ਮੰਨੇ ਏਕਲਗੱਡੀਏ ਦੀ ਦਲੇਰੀ ਅਤੇ ਕਤਲ ਦੀ ਘਟਨਾ ਰਾਹੀਂ ਜੱਗੂ

ਭਗਵਾਨਪੁਰੀਆਂ, ਗੋਪੀ ਘਨਸ਼ਾਮਪੁਰੀਆਂ ਅਤੇ ਹੈਰੀ ਚੱਠਾ ਕਹਾਣੀ ਵਿੱਚ ਦਾਖਲ ਹੁੰਦੇ ਹਨ, ਜਿਸ ਨਾਲ ਤਣਾਅ ਅਤੇ ਰੋਮਾਂਚ ਹੋਰ ਗਹਿਰਾ ਹੋ ਜਾਂਦਾ ਹੈ।

ਨਾਵਲ ਚਿੱਟੇ ਵਰਗੀਆਂ ਨਸ਼ੀਲੀਆਂ ਲਤਾਂ ਦੇ ਭਿਆਨਕ ਪ੍ਰਭਾਵ ਨੂੰ ਵੀ ਦਰਸਾਉਂਦਾ ਹੈ ਕਿ ਕਿਵੇਂ ਇਹ ਇੱਕ ਉਭਰਦੇ ਸਟਾਰ ਦੀ ਜ਼ਿੰਦਗੀ ਪਲਾਂ ਵਿੱਚ ਬਰਬਾਦ ਕਰ ਸਕਦਾ ਹੈ। ਇਸਦੇ ਨਾਲ ਹੀ ਸੱਚੇ ਪਿਆਰ ਦੀ ਲਕੀਰ ਵੀ ਕਹਾਣੀ ਵਿੱਚ ਸਮਾਂਤਰ ਚੱਲਦੀ ਹੈ—ਗਗਨ ਨੂੰ ਆਪਣੇ ਪਿਆਰ ਲਈ ਜਿਨ੍ਹਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਨਾਵਲ ਨੂੰ ਭਾਵਨਾਤਮਕ ਗਹਿਰਾਈ ਦਿੰਦਾ ਹੈ।

ਨਾਵਲ ਦਾ ਹਰ ਅਧਿਆਇ—ਖਾਸ ਕਰਕੇ ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫੇਰੀ ਨਾਲ ਸੰਬੰਧਿਤ ਭਾਗ—ਪਾਠਕ ਨੂੰ ਇੱਕ ਗਹਿਰਾ ਸੰਦੇਸ਼ ਦਿੰਦਾ ਹੈ ਕਿ ਅਸਲੀ ਤਾਕਤ ਹਥਿਆਰਾਂ, ਦਬਦਬੇ ਜਾਂ ਗਿਰੋਹਬੰਦੀ ਵਿੱਚ ਨਹੀਂ, ਸਗੋਂ ਕਿਤਾਬਾਂ, ਸੁਚੇਤ ਸੋਚ ਅਤੇ ਸਹੀ ਫ਼ੈਸਲੇ ਕਰਨ ਦੀ ਸਮਰੱਥਾ ਵਿੱਚ ਵੱਸਦੀ ਹੈ।

ਜਿੱਥੇ ਇੱਕ ਪਾਸੇ ਵਿਦਿਆਰਥੀ ਰਾਜਨੀਤੀ ਦਾ ਉਤਾਰ-ਚੜ੍ਹਾਅ, ਪ੍ਰਧਾਨਗੀ ਦੀ ਦੌੜ ਅਤੇ ਵਿਚਾਰਧਾਰਾਵਾਂ ਦਾ ਟਕਰਾਅ ਦਰਸਾਇਆ ਗਿਆ ਹੈ, ਉੱਥੇ ਦੂਜੇ ਪਾਸੇ ਲਾਇਬ੍ਰੇਰੀ ਅਤੇ ਰੀਡਿੰਗ ਰੂਮ ਦੀ ਸ਼ਾਂਤ ਦੁਨੀਆਂ ਵੀ ਨਾਵਲ ਦਾ ਮਹੱਤਵਪੂਰਨ ਹਿੱਸਾ ਬਣਦੀ ਹੈ। ਇਹ ਥਾਵਾਂ ਸਿਰਫ਼ ਕਿਤਾਬਾਂ ਦੇ ਭੰਡਾਰ ਨਹੀਂ, ਸਗੋਂ ਚਿੰਤਨ, ਆਤਮ-ਮੰਥਨ ਅਤੇ ਸਵੈ-ਨਿਰਮਾਣ ਦੇ ਕੇਂਦਰ ਵਜੋਂ ਪੇਸ਼ ਕੀਤੀਆਂ ਗਈਆਂ ਹਨ।

ਭਾਸ਼ਾ ਸਧਾਰਨ, ਪ੍ਰਭਾਵਸ਼ਾਲੀ ਅਤੇ ਵੇਗਮਈ ਹੈ। ਕਿਤੇ ਵੀ ਭਾਰੀ-ਭਰਕਮ ਸ਼ਬਦਾਵਲੀ ਦੀ ਬਜਾਏ, ਲੇਖਕ ਨੇ ਸਿੱਧੀ ਤੇ ਸੱਚੀ ਅਭਿਵਿਅਕਤੀ ਨੂੰ ਤਰਜੀਹ ਦਿੱਤੀ ਹੈ। ਇਸ ਕਰਕੇ ਪਾਠਕ ਨਾਵਲ ਨਾਲ ਜੁੜਿਆ ਰਹਿੰਦਾ ਹੈ। ਕਈ ਸਥਾਨਾਂ 'ਤੇ ਘਟਨਾਵਾਂ ਦੀ ਤੀਬਰਤਾ ਦਿਲ ਨੂੰ ਝੰਜੋੜਦੀ ਹੈ ਅਤੇ ਸੋਚਣ ਲਈ ਮਜਬੂਰ ਕਰਦੀ ਹੈ ਕਿ ਅਸਲ ਸਮੱਸਿਆ ਵਿਅਕਤੀਗਤ ਸੋਚ ਜਾਂ ਸਿਸਟਮ ਹੈ।

ਇਹ ਸਭ ਤੱਤ ਮਿਲ ਕੇ ਨਾਵਲ ਨੂੰ ਰੌਚਕ, ਯਥਾਰਥਪੂਰਨ ਅਤੇ ਸਮਾਜਿਕ ਸੰਦੇਸ਼ ਨਾਲ ਭਰਪੂਰ ਰਚਨਾ ਬਣਾਉਂਦੇ ਹਨ।

ਕੁੱਲ ਮਿਲਾ ਕੇ, "ਕਾਲਜੀਏਟਸ"ਉਹ ਕਿਤਾਬ ਹੈ ਜੋ ਕਾਲਜ ਦੇ ਦਰਵਾਜ਼ਿਆਂ ਤੋਂ ਸ਼ੁਰੂ ਹੋ ਕੇ ਸਮਾਜ ਦੀਆਂ ਗਲੀਆਂ ਤੱਕ ਪਹੁੰਚਦੀ ਹੈ—ਅਤੇ ਪਾਠਕ ਦੇ ਮਨ ਵਿੱਚ ਇੱਕ ਡੂੰਘਾ ਸਵਾਲ ਛੱਡ ਜਾਂਦੀ ਹੈ:

ਕੀ ਅਸੀਂ ਆਪਣੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇ ਰਹੇ ਹਾਂ?

ਡਾ. ਪਰਮਿੰਦਰ ਸਿੰਘ
ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ
ਸੁਖਚੈਨਆਣਾ ਸਾਹਿਬ, ਫਗਵਾੜਾ।



# ਲੇਖਕ ਵੱਲੋਂ

ਹਰ ਕਹਾਣੀ ਦਾ ਜਨਮ ਕਿਸੇ ਨਾ ਕਿਸੇ ਸੱਚ ਤੋਂ ਹੁੰਦਾ ਹੈ। ਇਹ ਨਾਵਲ ਵੀ ਉਹਨਾਂ ਸੱਚਾਈਆਂ ਦੀ ਪਰਛਾਂਵ ਹੈ, ਜੋ ਕਦੇ ਅੱਖਾਂ ਨਾਲ ਵੇਖੀਆਂ, ਕਦੇ ਕੰਨਾਂ ਨਾਲ ਸੁਣੀਆਂ ਅਤੇ ਕਦੇ ਦਿਲ ਨਾਲ ਮਹਿਸੂਸ ਕੀਤੀਆਂ। ਕਾਲਜ ਦੀ ਉਮਰ ਜ਼ਿੰਦਗੀ ਦਾ ਸਭ ਤੋਂ ਸੋਹਣਾ ਪੜਾਅ ਮੰਨਿਆ ਜਾਂਦਾ ਹੈ, ਪਰ ਕਈ ਵਾਰ ਇਹੀ ਪੜਾਅ ਕੁਝ ਅਜਿਹੇ ਮੋੜ ਵੀ ਲਿਆਉਂਦਾ ਹੈ, ਜੋ ਪੂਰੀ ਜ਼ਿੰਦਗੀ ਦੀ ਦਿਸ਼ਾ ਬਦਲ ਦੇਂਦੇ ਹਨ। ਇਸ ਕਹਾਣੀ ਵਿੱਚ ਉਹੀ ਮੋੜ, ਉਹੀ ਜਜ਼ਬਾਤ ਅਤੇ ਉਹੀ ਨਤੀਜੇ ਦਰਸਾਉਣ ਦੀ ਇਕ ਨਿਮਰ ਕੋਸ਼ਿਸ਼ ਕੀਤੀ ਗਈ ਹੈ

ਇਹ ਨਾਵਲ ਲਿਖਣ ਦੀ ਮੇਰੀ ਕੋਸ਼ਿਸ਼ ਲਾਇਬ੍ਰੇਰੀਅਨ ਹੋਣ ਨਾਤੇ ਸਿਰਫ ਪੰਜਾਬੀ ਸਾਹਿਤ ਵਿੱਚ ਆਪਣਾ ਇਕ ਨਿਮਾਣਾ ਯੋਗਦਾਨ ਪਾਉਣ ਦੀ ਰਹੀ ਹੈ। ਲਾਇਬ੍ਰੇਰੀਅਨ ਹੋਣਾ ਆਪਣੇ ਆਪ ਵਿੱਚ ਇਕ ਸਨਮਾਨਜਨਕ ਉਪਾਧੀ ਹੈ। ਸਾਰੀ ਉਮਰ ਗਿਆਨ ਅਤੇ ਸਾਹਿਤ ਦੀ ਸੇਵਾ ਕਰਨ ਦਾ ਮੌਕਾ ਮਿਲ ਜਾਂਦਾ ਹੈ। ਇਸ ਕਹਾਣੀ ਦਾ ਮਕਸਦ ਕਿਸੇ ਵੀ ਵਿਅਕਤੀ, ਸਮਾਜ, ਸੰਸਥਾ ਜਾਂ ਜੀਉਂਦੇ ਜਾਂ ਮ੍ਰਿਤ ਮਨੁੱਖ ਦੀ ਨਿੱਜੀ ਜ਼ਿੰਦਗੀ ਨੂੰ ਠੇਸ ਪਹੁੰਚਾਉਣਾ ਨਹੀਂ ਹੈ। ਜੇਕਰ ਕਿਸੇ ਪਾਤਰ, ਘਟਨਾ ਜਾਂ ਵਰਣਨ ਨਾਲ ਕਿਸੇ ਨੂੰ ਕਿਸੇ ਵੀ ਤਰ੍ਹਾਂ ਦੀ ਅਣਜਾਣੇ ਵਿੱਚ ਠੇਸ ਪਹੁੰਚੀ ਹੋਵੇ ਜਾਂ ਉਹ ਆਪਣੇ ਆਪ ਨਾਲ ਮਿਲਦੀ ਜੁਲਦੀ ਮਹਿਸੂਸ ਕਰੇ, ਤਾਂ ਮੈਂ ਦਿਲੋਂ ਖੇਦ ਪ੍ਰਗਟ ਕਰਦਾ ਹਾਂ ਅਤੇ ਮੁਆਫੀ ਦਾ ਹੱਕਦਾਰ ਹਾਂ।

ਇਹ ਕਿਤਾਬ ਕਿਸੇ ਇਕ ਵਿਅਕਤੀ ਦੀ ਨਹੀਂ, ਸਗੋਂ ਉਸ ਪੀੜ੍ਹੀ ਦੀ ਕਹਾਣੀ ਹੈ ਜੋ ਸੁਪਨੇ ਵੀ ਵੇਖਦੀ ਹੈ ਤੇ ਕਈ ਵਾਰ ਹਾਲਾਤਾਂ ਦੇ ਹੱਥਾਂ ਹਾਰ ਵੀ ਜਾਂਦੀ ਹੈ। ਮੇਰੀ ਇੱਛਾ ਸਿਰਫ਼ ਇਨੀ ਹੈ ਕਿ ਪਾਠਕ ਇਸ ਕਹਾਣੀ ਵਿੱਚ ਆਪਣੇ ਆਲੇ-ਦੁਆਲੇ ਦੀ ਹਕੀਕਤ ਨੂੰ ਮਹਿਸੂਸ ਕਰਨ ਅਤੇ ਉਹਨਾਂ ਗੱਲਾਂ ਤੋਂ ਸਿੱਖਣ, ਜੋ ਕਈ ਵਾਰ ਅਸੀਂ ਵੇਖ ਕੇ ਵੀ ਅਣਡਿੱਠੀਆਂ ਕਰ ਜਾਂਦੇ ਹਾਂ।

ਲੇਖਕ ਵੱਲੋਂ ਨਾਵਲ ਪੜ੍ਹ ਰਹੇ ਅਤੇ ਪੜ੍ਹ ਚੁੱਕੇ ਸਾਰੇ ਪਾਠਕਾਂ ਨੂੰ ਨਿਮਰ ਬੇਨਤੀ ਹੈ ਕਿ ਇਸ ਨਾਵਲ ਬਾਰੇ ਆਪਣੀ ਕੀਮਤੀ ਰਾਏ ਆਪਣੇ ਸੋਸ਼ਲ ਮੀਡੀਆ ਹੈਂਡਲ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਐਕਸ (ਟਵਿੱਟਰ) ਅਤੇ ਸਨੈਪਚੈਟ ਆਦਿ ਤੇ ਜ਼ਰੂਰ ਸਾਂਝੀ

ਕਰਨ। ਅੱਜ ਸੋਸ਼ਲ ਮੀਡੀਆ ਦਾ ਯੁੱਗ ਹੈ ਅਤੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡਾ ਯੂਥ ਹੌਲੀ-ਹੌਲੀ ਕਿਤਾਬਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ।

ਇਸ ਜੀਵੰਤ ਕਹਾਣੀ ਰਾਹੀਂ ਲੇਖਕ ਨੇ ਯੂਥ ਨੂੰ ਮੁੜ ਕਿਤਾਬਾਂ ਨਾਲ ਜੋੜਨ ਦੀ ਇਕ ਦਿਲੋਂ ਕੋਸ਼ਿਸ਼ ਕਰਕੇ ਆਪਣਾ ਫਰਜ਼ ਨਿਭਾਉਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਪ੍ਰਕਾਸ਼ਕ ਨੇ ਇਸ ਨਾਵਲ ਨੂੰ ਸੁੰਦਰ ਰੂਪ ਵਿੱਚ ਛਾਪ ਕੇ ਆਪਣਾ ਫਰਜ਼ ਨਿਭਾਇਆ ਹੈ। ਹੁਣ ਪਾਠਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਸਨੂੰ ਪੜ੍ਹ ਕੇ ਆਪਣੀ ਰਾਏ ਲਿਖਣ ਅਤੇ ਆਪਣੇ ਸੋਸ਼ਲ ਮੀਡੀਆ ਰਾਹੀਂ ਹੋਰਨਾਂ ਤੱਕ ਇਸ ਦਾ ਸੰਦੇਸ਼ ਪਹੁੰਚਾਉਣ, ਤਾਂ ਜੋ ਪੜ੍ਹਨ ਦੀ ਪ੍ਰੇਰਣਾ ਹੋਰ ਵਧ ਸਕੇ। ਚਾਹਵਾਨ ਪਾਠਕ ਸ਼ੋਸ਼ਲ ਮੀਡੀਆਂ ਤੇ ਲੇਖਕ ਨੂੰ ਫਾਲੋ ਕਰਨਾ ਨਾ ਭੁੱਲਣ, ਪਾਠਕਾਂ ਦੀ ਮੰਗ ਉੱਤੇ ਹੀ ਲੇਖਕ ਇਸਦਾ ਦੂਜਾ ਭਾਗ ਲਿਖਣ ਦੀ ਕੋਸ਼ਿਸ਼ ਕਰੇਗਾ।

ਅੰਤ ਵਿੱਚ ਲੇਖਕ ਪ੍ਰਕਾਸ਼ਕ ਦਾ, ਆਪਣੇ ਪਰਿਵਾਰ ਦਾ ਅਤੇ ਆਪਣੇ ਉਹਨਾਂ ਸਾਰੇ ਦੋਸਤਾਂ ਦਾ ਦਿਲੋਂ ਧੰਨਵਾਦ ਕਰਦਾ ਹੈ, ਜਿਨ੍ਹਾਂ ਨੇ ਇਸ ਪੁਸਤਕ ਨੂੰ ਛਾਪਣ ਲਈ ਵਿੱਤੀ ਸਹਾਇਤਾ ਦੇ ਕੇ ਹੌਸਲਾ ਬਖ਼ਸ਼ਿਆ। ਖ਼ਾਸ ਤੌਰ ਤੇ ਆਪਣੇ ਉਹਨਾਂ ਜਿਗਰੀ ਯਾਰਾਂ ਦਾ ਲੇਖਕ ਸਦਾ ਕਰਜ਼ਦਾਰ ਰਹੇਗਾ, ਜਿਨ੍ਹਾਂ ਨੇ ਆਪਣੀ ਜੀਵਨ ਕਹਾਣੀ ਨੂੰ ਇਸ ਨਾਵਲ ਦਾ ਹਿੱਸਾ ਬਣਾਉਣ ਲਈ ਵਿਸ਼ਵਾਸ ਨਾਲ ਆਗਿਆ ਦਿੱਤੀ। ਉਹਨਾਂ ਦੇ ਵਿਸ਼ਵਾਸ ਅਤੇ ਸਾਥ ਤੋਂ ਬਿਨਾਂ ਇਹ ਰਚਨਾ ਸੰਭਵ ਨਹੀਂ ਸੀ।

ਲੇਖਕ
**ਸੁਖਵਿੰਦਰ ਸਿੰਘ 'ਸ਼ਬਦਗਰ'**
**ਪੀ.ਏ.ਪੀ. ਜਲੰਧਰ।**
**6283719365**



## ਭਾਗ-1

ਕਾਲਜ ਦਾ ਪਹਿਲਾ ਦਿਨ—27 ਮਈ 2007 । ਸੁਖਵਿੰਦਰ ਆਪਣੇ ਡੈਡੀ ਤੋਂ ਚੋਰੀ ਇਸ ਕਾਲਜ ਵਿੱਚ ਦਾਖਲਾ ਲੈਣ ਆਇਆ ਸੀ। ਮਨ ਵਿੱਚ ਇੱਕ ਅਜੀਬ ਜਿਹੀ ਘਬਰਾਹਟ ਸੀ ਤੇ ਇੱਕ ਉਮੀਦ ਦੀ ਚਮਕ ਵੀ, ਕਿਉਂਕਿ ਉਹ ਹੈਰੀ ਤੋਂ ਬਹੁਤ ਪ੍ਰਭਾਵਿਤ ਸੀ। ਹੈਰੀ, ਜੋ ਪਹਿਲਾਂ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜਦਾ ਸੀ—ਉਹੀ ਹੈਰੀ, ਜਿਸਦੇ ਕਿੱਸੇ ਸੁਖਵਿੰਦਰ ਨੇ ਕਈ ਵਾਰ ਸੁਣੇ ਸਨ।

ਉਥੇ ਉਹਨਾਂ ਨੇ ਕਾਲਜ ਪ੍ਰਿੰਸੀਪਲ ਵਿਰੁੱਧ ਫੀਸਾਂ ਵਧਾਉਣ ਕਾਰਨ ਸਟਰਾਈਕ ਕੀਤੀ ਸੀ। ਕਾਲਜ ਮੈਨੇਜਮੈਂਟ ਨੇ ਸਖ਼ਤੀ ਦਿਖਾਈ ਅਤੇ ਇਸ ਕਾਰਨ ਘੱਟੋ-ਘੱਟ ਦਸ ਜਾਣਿਆਂ ਨੂੰ ਰਸਟੀਕੇਟ ਕਰ ਦਿੱਤਾ। ਹਰਦੇਵ ਵੀ ਉਹਨਾਂ ਵਿਚੋਂ ਹੀ ਇੱਕ ਸੀ, ਜਿਸਨੂੰ ਪਿਆਰ ਨਾਲ ਸਾਰੇ ਹੈਰੀ ਕਹਿੰਦੇ ਸਨ।

ਧੂਲਕੇ ਪਿੰਡ ਦਾ ਉਹ ਪ੍ਰਤਿਭਾਸ਼ਾਲੀ ਨੌਜਵਾਨ—ਰੰਗ ਭਾਵੇਂ ਥੋੜ੍ਹਾ ਸਾਂਵਲਾ, ਪਰ ਚਿਹਰੇ ਉੱਤੇ ਐਨੀ ਰੌਣਕ ਕਿ ਜਿਵੇਂ ਸਵੇਰੇ ਚੜਦੇ ਸੂਰਜ ਦੀ ਲਾਲੀ ਉਸਦੇ ਨੈਨ-ਨਕਸ਼ਾਂ ਵਿੱਚ ਵੱਸ ਗਈ ਹੋਵੇ। ਹੱਸਮੁੱਖ ਸੁਭਾਅ ਦਾ ਮਾਲਕ, ਖੁੱਲ੍ਹ ਦਿਲ੍ਹਾ, ਯਾਰਾਂ ਦਾ ਯਾਰ; ਉਸਦੀ ਗੱਲਬਾਤ ਵਿੱਚ ਅਜਿਹੀ ਮਿੱਠਾਸ ਕਿ ਸੁਣਨ ਵਾਲਾ ਪਲ ਵਿੱਚ ਆਪਣੇ ਆਪ ਨੂੰ ਉਸਦੇ ਨੇੜੇ ਮਹਿਸੂਸ ਕਰਨ ਲੱਗਦਾ।

ਉਸਦੀ ਚਾਲ ਵਿੱਚ ਤੇਜ਼ ਤਰਾਰੀ, ਮੜਕ ਪੂਰੀ, ਸਟਾਈਲਿਸ਼ ਅਦਾ —ਹਰ ਨਵੇਂ ਫੈਸ਼ਨ ਨੂੰ ਆਪਣੇ ਰੰਗ ਵਿੱਚ ਢਾਲ ਕੇ ਅਜਿਹਾ ਦਿਖਦਾ ਸੀ ਜਿਵੇਂ ਕੱਪੜੇ, ਬੂਟ ਤੇ ਸਾਜੋ-ਸਮਾਨ ਖ਼ਾਸ ਤੌਰ 'ਤੇ ਉਸੇ ਲਈ ਹੀ ਬਣੇ ਹੋਣ।

ਚੌੜਾ ਮੱਥਾ, ਦਿਲਖਿਚਵਾਂ ਕੱਦ-ਕਾਠ ਅਤੇ ਬੋਲਣ ਦੀ ਉਹ ਅਦਾਂ ਜੋ ਮਨ ਨੂੰ ਟੁੰਬ ਲੈ ਜਾਏ। ਨਵੇਂ ਅੰਦਾਜ਼ ਵਾਲਾ ਹੇਅਰਸਟਾਈਲ, ਹਲਕੀ ਜਿਹੀ ਦਾੜ੍ਹੀ ਅਤੇ ਦਰਮਿਆਨੀ ਕੁੰਢੀ ਮੁੱਛ ਉਸਦੇ ਚਿਹਰੇ ਵਿੱਚ ਹੋਰ ਰੌਬ ਭਰਦੀ। ਆਕੜ ਤੇ ਸ਼ਰਾਰਤ ਦਾ ਮਿਲਿਆ-ਝੁਲਿਆ ਰੰਗ, ਜਿਵੇਂ ਬਦਮਾਸ਼ੀ ਵਿੱਚ ਪਹਿਲਾ ਹੀ ਦਾਖਲਾ ਲੈ ਰੱਖਿਆ ਹੋਵੇ ਤੇ ਲੀਡਰਸ਼ਿੱਪ ਉਸਦਾ ਜਨਮਜਮਾਂਤਰ ਹੱਕ ਹੋਵੇ। ਕਿਸੇ ਪਾਰਖੂ ਦੀ ਅੱਖ ਜਿਵੇਂ ਢੇਰ ਵਿੱਚੋਂ ਅਸਲੀ ਨਗ ਦੀ ਪਰਖ ਕਰ ਲੈਂਦੀ ਹੈ ਉਦਾਂ ਹੀ ਭੀੜ ਵਿੱਚੋਂ ਹੈਰੀ ਅਸਲੀ ਨਗ ਵਾਂਗ ਵੱਖਰੀ ਦਿਖ ਰੱਖਦਾ ਸੀ।

ਸ਼ਾਮ ਨੂੰ ਦਿਨ ਥੋੜ੍ਹਾ ਢਲਦਾ, ਤਾਂ ਪਿੰਡ ਦੀ ਵੱਡੀ ਗਰਾਊਂਡ ਵਿੱਚ ਸਾਰੇ ਮੁੰਡੇ ਖੇਡਣ ਲਈ ਇਕੱਠੇ ਹੋ ਜਾਂਦੇ। ਸੁਖਵਿੰਦਰ ਹਰ ਰੋਜ਼ ਹੈਰੀ ਨਾਲ ਕਬੱਡੀ ਦੀ ਪਰੈਕਟਿਸ